CS (MAIN) Exam:2016

ਪੰਜਾਬੀ / PUNJABI

ਪੇਪਰ I / Paper I

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ
*Time Allowed : **Three** Hours*

ਕੁੱਲ ਅੰਕ : **250**
*Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉਤਰ **ਪੰਜਾਬੀ** ਵਿਚ ਹੀ ਦਿਓ ।

ਪ੍ਰਸ਼ਨਾਂ ਦੇ ਉਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉਤਰਾਂ ਦਾ ਮੁਲਾਂਕਣ ਕਰਦੇ ਸਮੇਂ ਉਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ ।
ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹ
ਹੋਇਆ । ਉਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟ
ਮਾਰਨਾ ਜ਼ਰੂਰੀ ਹੈ ।

QUESTION PAPER SPECIFIC INSTRUCTIONS

Please read each of the following instructions carefully before attemptin questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, any **THREE** are to b attempted choosing at least **ONE** from each section.*

The number of marks carried by a question/part is indicated against it.

*Answers must be written in **PUNJABI**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of question shall be counted even if attempted partly. Any page or portion of the page le blank in the Question-cum-Answer Booklet must be clearly struck off.

Optional Province · optionalprovince.com

SECTION A

Q1. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਲਿਖੋ । *10×5=50*

(a) ਪੰਜਾਬੀ ਭਾਸ਼ਾ ਦੇ ਨਿਕਾਸ ਬਾਰੇ ਚਾਰ ਮੁਖ ਮਤ ਕਿਹੜੇ ਹਨ ? *10*

(b) ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦਾ ਵਰਗੀਕਰਣ ਕਿਨ੍ਹਾਂ ਆਧਾਰ 'ਤੇ ਕੀਤਾ ਜਾਂਦਾ ਹੈ ? ਪ੍ਰਚਲਿਤ ਵਰਗੀਕਰਣ ਦੀ ਪ੍ਰਮਾਣਕਤਾ ਵਿਚਾਰੋ । *10*

(c) ਪੂਰਬੀ ਪੰਜਾਬ ਦੀਆਂ ਮੁਖ ਉਪਭਾਸ਼ਾਵਾਂ ਕਿਹੜੀਆਂ ਹਨ ? ਮਾਝੀ ਉਪਭਾਸ਼ਾ ਨੂੰ ਕਿਨ੍ਹਾਂ ਆਧਾਰਾਂ 'ਤੇ ਮਲਵਈ ਅਤੇ ਦੋਆਬੀ ਨਾਲੋਂ ਪ੍ਰਮੁਖਤਾ ਪ੍ਰਾਪਤ ਹੈ ? *10*

(d) ਮੱਧਕਾਲੀਨ ਪੰਜਾਬੀ ਸਾਹਿਤ ਦੀ ਅਜੋਕੇ ਸੰਦਰਭ ਵਿਚ ਕੀ ਸਾਰਥਕਤਾ ਹੈ ? ਨਾਥ ਜੋਗੀ ਕਾਵਿ ਅਤੇ ਜਨਮਸਾਖੀ ਪਰੰਪਰਾ ਦੇ ਸੰਦਰਭ ਵਿਚ ਉੱਤਰ ਦਿਓ । *10*

(e) ਰੂਪ ਵਿਗਿਆਨ (ਮਾਰਫ਼ਾਲੋਜੀ) ਤੇ ਭਾਵਾਂਸ਼ ਜਾਂ ਰੂਪੀਮ (ਮਾਰਫ਼ੀਮ) ਦੇ ਸੰਕਲਪ ਸਪਸ਼ਟ ਕਰੋ । *10*

Q2. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਵਿਸ਼ਵੀਕਰਣ ਅਤੇ ਕੰਪਿਊਟਰੀਕਰਣ ਦੇ ਅਜੋਕੇ ਦੌਰ ਵਿਚ ਪੰਜਾਬੀ ਭਾਸ਼ਾ ਨੂੰ ਕਿਹੜੀਆਂ ਚਣੌਤੀਆਂ ਦਾ ਸਾਹਮਣਾ ਹੈ ? *10*

(b) ਵਾਕ ਵਿਉਂਤ ਤੋਂ ਕੀ ਭਾਵ ਹੈ ? ਪੰਜਾਬੀ ਵਾਕਾਂ ਵਿਚ ਵਾਕ-ਤੱਤਾਂ ਦੀ ਤਰਤੀਬ ਦੇ ਮੁਖ ਨੇਮ ਸਪਸ਼ਟ ਕਰੋ । *15*

(c) ਸੁਰ ਪ੍ਰਬੰਧ ਦੇ ਪਖੋਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਨਿਖੜਵੇਂ ਲਛਣ ਸਪਸ਼ਟ ਕਰੋ । *15*

(d) ਮਧ ਕਾਲੀ ਸੂਫ਼ੀ ਕਾਵਿ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ ? *10*

Optional Province · optionalprovince.com

Q3. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਓ ।

(a) ਅਜੋਕੇ ਯੁਗ ਵਿਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨੂੰ ਪੇਸ਼ ਵੰਮਾਰਾਂ ਅਤੇ ਸੰਭਾਵਨਾਵਾਂ ਦੀ ਜਾਣਕਾਰੀ ਦਿਓ । *10*

(b) ਕ੍ਰਿਆ ਤੇ ਕ੍ਰਿਆ-ਵਾਕਾਂਸ਼ ਦਾ ਅੰਤਰ ਸਪਸ਼ਟ ਕਰਦੇ ਹੋਏ ਕ੍ਰਿਆ-ਵਾਕਾਂਸ਼ ਦਾ ਸਰੂਪ ਵੇਰਵੇ ਸਹਿਤ ਸਪਸ਼ਟ ਕਰੋ । *15*

(c) ਪੰਜਾਬੀ ਦੀਆਂ ਅਖੰਡੀ ਧੁਨੀਆਂ ਬਾਰੇ ਜਾਣਕਾਰੀ ਦਿਓ । *10*

(d) ਪੋਠੋਹਾਰੀ ਅਤੇ ਮਾਝੀ ਉਪਭਾਸ਼ਾ ਦੇ ਨਿਖੇੜਵੇਂ ਲਛਣ ਦਸੋ । *15*

Q4. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਮੱਧਕਾਲੀਨ ਪੰਜਾਬੀ ਕਾਵਿ ਦੇ ਮੂਲ ਸਰੋਕਾਰਾਂ ਅਤੇ ਪ੍ਰਵਿਰਤੀਆਂ ਦਾ ਉਲੇਖ ਕਰੋ । *20*

(b) ਮਧ ਕਾਲ ਦੀ ਵੀਰ ਕਾਵਿ ਧਾਰਾ ਦਾ ਉਸ ਕਾਲ ਦੇ ਸਾਹਿਤ ਵਿਚ ਕੀ ਯੋਗਦਾਨ ਹੈ ? *10*

(c) ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਲਈ ਭਾਸ਼ਾ-ਵਿਗਿਆਨ ਦਾ ਮਹੱਤਵ ਉਜਾਗਰ ਕਰੋ । ਕੀ ਭਾਸ਼ਾ-ਵਿਗਿਆਨ ਕਿਸੇ ਭਾਸ਼ਾ ਦੀ ਵਿਕਾਸ-ਦਿਸ਼ਾ ਨਿਰਧਾਰਤ ਕਰ ਸਕਦਾ ਹੈ ? *10*

(d) ਪੰਜਾਬੀ ਵਿਚ ਤੱਤਸਮ ਅਤੇ ਤੱਦਭਵ ਸ਼ਬਦ-ਰੂਪ ਅਪਨਾਉਣ ਅਤੇ ਅਗੇਤਰਾਂ-ਪਿਛੇਤਰਾਂ ਨਾਲ ਸ਼ਬਦ ਨਿਰਮਾਣ ਦੀ ਪ੍ਰਕਿਰਿਆ ਦਾ ਉਲੇਖ ਕਰੋ । *10*

Optional Province · optionalprovince.com

SECTION B

Q5. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਲਿਖੋ । *10×5=50*

(a) 'ਰਹੱਸਵਾਦ ਇਕ ਅਜਿਹਾ ਧਾਰਮਿਕ ਅਤੇ ਅਧਿਆਤਮਕ ਅਨੁਭਵ ਹੁੰਦਾ ਹੈ, ਜਿਸ ਵਿਚ ਅਦਿੱਖ, ਅਨੰਤ ਅਤੇ ਅਸੀਮ ਨੇੜੇ ਪ੍ਰਤੀਤ ਹੋਣ ਲਗ ਪੈਂਦਾ ਹੈ ।' ਪੰਜਾਬੀ ਦੀ ਰਹੱਸਵਾਦੀ ਕਾਵਿ-ਪਰੰਪਰਾ ਦਾ ਮਹੱਤਵ ਸਪਸ਼ਟ ਕਰੋ । *10*

(b) 'ਵਾਰਤਕਕਾਰ ਤਾਂ ਕੋਈ ਵੀ ਹੋ ਸਕਦਾ ਹੈ ਪਰ ਭਾਸ਼ਾ ਦਾ ਵਿਕਾਸ ਸ਼ੈਲੀਕਾਰ ਕਰਦੇ ਹਨ ।' ਪ੍ਰੋ. ਪੂਰਨ ਸਿੰਘ ਜਾਂ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਇਕ ਸ਼ੈਲੀਕਾਰ ਸਿੱਧ ਕਰੋ । *10*

(c) 'ਪੰਜਾਬੀ ਲੋਕ-ਸਾਹਿਤ, ਲੋਕ-ਮਨ ਦੀ ਸਮੂਹਿਕ ਪੇਸ਼ਕਾਰੀ ਕਰਨ ਵਾਲਾ, ਇਕ ਸ਼ਕਤੀਸ਼ਾਲੀ ਸਭਿਆਚਾਰਕ ਪ੍ਰਗਟਾਵਾ ਹੈ ।' ਲੋਕ-ਗੀਤਾਂ ਦੇ ਹਵਾਲੇ ਨਾਲ ਚਰਚਾ ਕਰੋ । *10*

(d) 'ਪੰਜਾਬੀ ਕਵਿਤਾ ਦਾ ਮੂਲ ਚਰਿਤਰ ਪ੍ਰਗੀਤਕ ਹੈ ।' ਅੰਮ੍ਰਿਤਾ ਪ੍ਰੀਤਮ ਦੇ ਆਗਮਨ ਨਾਲ ਵਿਸ਼ੇ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਉਜਾਗਰ ਹੋਈਆਂ ਨਵੀਆਂ ਸੰਭਾਵਨਾਵਾਂ ਦਾ ਉਲੇਖ ਕਰੋ । *10*

(e) ਪੰਜਾਬੀ ਵਿਚ ਮਹਾਕਾਵਿ ਤਾਂ ਕਈ ਲਿਖੇ ਗਏ ਹਨ ਪਰ ਇਹ ਕੋਈ ਨਿਸਚਿਤ ਅਤੇ ਬੱਝਵੀਂ ਪਰੰਪਰਾ ਅਤੇ ਪਛਾਣ ਕਿਉਂ ਨਹੀਂ ਉਸਾਰ ਸਕੇ ? ਕਾਰਨ ਵਿਚਾਰੋ । *10*

Q6. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਵਾਰਤਕ ਦੀਆਂ ਵਿਸ਼ੇਸ਼ਤਾਈਆਂ ਅਤੇ ਦੇਣ ਉਤੇ ਇਕ ਨਿਬੰਧ ਲਿਖੋ । *20*

(b) 'ਨਾਟਕ ਅਤੇ ਰੰਗਮੰਚ ਦੇ ਪਖੋਂ ਬਲਵੰਤ ਗਾਰਗੀ, ਨਾਟਕੀ ਅਤੇ ਭਾਵਪੂਰਤ ਵਾਰਤਾਲਾਪ ਸਿਰਜ ਕੇ, ਦ੍ਰਿਸ਼ ਹੀ ਨਹੀਂ, ਵਾਤਾਵਰਣ ਵੀ ਉਸਾਰ ਦਿੰਦਾ ਹੈ ।' ਚਰਚਾ ਕਰੋ । *10*

(c) ਪ੍ਰਯੋਗਵਾਦੀ ਕਾਵਿ ਧਾਰਾ ਦੇ ਮਨੋਰਥ ਅਤੇ ਪ੍ਰਾਪਤੀ ਬਾਰੇ ਸੰਖੇਪ ਜਾਣਕਾਰੀ ਦਿਓ । *10*

(d) 'ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਨਿਮਨ-ਕ੍ਰਿਸਾਣੀ ਦੀਆਂ ਸਮੱਸਿਆਵਾਂ ਦੇ ਤ੍ਰਾਸਦਿਕ ਰੂਪਾਂ ਦੀ ਪੇਸ਼ਕਾਰੀ ਹੋਈ ਹੈ ।' ਚਰਚਾ ਕਰੋ । *10*

Optional Province · optionalprovince.com

Q7. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਪੰਜਾਬੀ ਦੀ ਰੋਮਾਂਟਿਕ ਕਾਵਿਧਾਰਾ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦਾ ਉਲੇਖ ਕਰੋ । *10*

(b) 'ਪੰਜਾਬੀ ਵਿਚ ਕਹਾਣੀ ਲਿਖਣ ਦਾ ਕੋਈ ਨਿਸਚਿਤ ਸਿਧਾਂਤ ਨਾ ਹੋਣ ਦੇ ਬਾਵਜੂਦ ਸਾਹਿਤ ਦੇ ਇਸ ਰੂਪਾਕਾਰ ਨੇ ਨਿੱਗਰ ਪ੍ਰਾਪਤੀਆਂ ਕੀਤੀਆਂ ਹਨ ।' ਟਿੱਪਣੀ ਕਰੋ । *10*

(c) ਗੀਤ ਤੇ ਲੋਕ ਗੀਤ ਵਿਚ ਅੰਤਰ ਸਪਸ਼ਟ ਕਰੋ । *10*

(d) ਪੰਜਾਬੀ ਭਾਸ਼ਾ, ਸਾਹਿਤ, ਸਮਾਜ ਅਤੇ ਸਭਿਆਚਾਰ ਉਤੇ ਸੋਚ ਅਤੇ ਵਿਹਾਰ ਦੇ ਪਖੋਂ ਪੈ ਰਹੇ, ਪੱਛਮੀ ਪ੍ਰਭਾਵਾਂ ਦੇ ਗੁਣ-ਦੋਸ਼ ਪਰਖੋ । *20*

Q8. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਪੰਜਾਬੀ ਦੇ ਨਵ-ਪ੍ਰਗਤੀਵਾਦੀ ਕਾਵਿ ਵਿਚ ਰੋਹ ਅਤੇ ਵਿਦਰੋਹ ਦੀ ਪ੍ਰਚੰਡ ਭਾਵਨਾਂ ਦੇ ਸਮਾਜਿਕ-ਸਭਿਆਚਾਰਕ ਅਤੇ ਸਿਧਾਂਤਕ ਆਧਾਰ ਕੀ ਹਨ ? *10*

(b) ਸ਼ਿਵ ਕੁਮਾਰ ਬਟਾਲਈ ਦੇ ਜਵਾਨ ਪੀੜ੍ਹੀ ਵਿਚ ਹਰਮਨ-ਪਿਆਰ ਗੀਤਕਾਰ ਹੋਣ ਦੇ ਕਾਰਨਾਂ ਦਾ ਲੇਖਾ-ਜੋਖਾ ਪ੍ਰਸਤੁਤ ਕਰੋ । *20*

(c) ਆਧੁਨਿਕ ਪੰਜਾਬੀ ਨਾਟਕ ਦੀਆਂ ਮੁਖ ਪ੍ਰਵਿਰਤੀਆਂ ਦੀ ਸੰਖੇਪ ਜਾਣਕਾਰੀ ਦਿਓ । *20*

Optional Province · optionalprovince.com